Exam. Code : 103203
Subject Code : 1083

**B.A./B.Sc. 3rd Semester**

**PUNJABI (Compulsory)**

downloaded from StudentSuvidha.com

Time Allowed—3 Hours] [Maximum Marks—50

**ਨੋਟ :** (1) ਕੁੱਲ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਸੈਕਸ਼ਨ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿੱਚੋਂ ਕਰ ਸਕਦੇ ਹੋ।

(2) ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ। (10×5=50)

## ਸੈਕਸ਼ਨ—ਏ

1. "ਵਤਨ ਦਾ ਪਿਆਰ" ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

2. "ਪੰਜਾਬ ਦਾ ਸੱਭਿਆਚਾਰ" ਨਿਬੰਧ ਦਾ ਕਲਾ ਪੱਖ ਵਿਚਾਰੋ।

## ਸੈਕਸ਼ਨ—ਬੀ

3. "ਅੰਨ੍ਹੇ ਨਿਸ਼ਾਨਚੀ" ਇਕਾਂਗੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

4. "ਸੁਹਾਗ" ਇਕਾਂਗੀ ਦੇ ਪਾਤਰਾਂ ਵਿੱਚੋਂ ਕਿਸੇ **ਦੋ** ਦਾ ਪਾਤਰ ਚਿਤਰਨ ਕਰੋ।

## ਸੈਕਸ਼ਨ—ਸੀ

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰ ਕੇ ਢੁੱਕਵਾਂ ਸਿਰਲੇਖ ਲਿਖੋ :

ਸਲੀਕੇ ਤੋਂ ਭਾਵ ਕਿਸੇ ਕੰਮ ਨੂੰ ਕਰਨ ਜਾਂ ਵਿਚਰਨ ਦੀ ਅਜਿਹੀ ਤਮੀਜ਼ ਹੈ, ਜਿਸ ਨਾਲ ਦੂਜਿਆਂ ਉੱਤੇ ਅਤਿਅੰਤ ਸੁਖਾਵਾਂ ਪ੍ਰਭਾਵ ਪਏ। ਸਲੀਕਾ ਸਾਡੇ ਹਰ ਸਮਾਜਿਕ ਵਿਹਾਰ ਨਾਲ ਜੁੜਿਆ ਹੋਇਆ ਹੈ। ਜਦੋਂ ਅਸੀਂ ਆਪਣੇ ਕੰਮਾਂ ਨੂੰ ਕਲਾ ਦੀ ਹੱਦ ਤੱਕ ਸੁਚੱਜਤਾ ਨਾਲ ਕਰਦੇ ਹਾਂ ਤਾਂ ਸਲੀਕਾ ਉਤਪੰਨ ਹੋ ਜਾਂਦਾ ਹੈ। ਕੰਮ ਵਿੱਚ ਸਫ਼ਾਈ ਹੋਣਾ, ਕਿਸੇ ਤਰਤੀਬ ਵਿੱਚ ਕੀਤੇ ਜਾਣਾ, ਉਸ ਦਾ ਪ੍ਰਭਾਵਸ਼ਾਲੀ ਤੇ ਉਪਯੋਗੀ ਹੋਣਾ, ਇਹ ਸਭ ਸਲੀਕਾ ਹੈ। ਅਸਲ ਵਿੱਚ ਸਲੀਕਾ ਸਮੁੱਚੀ ਜੀਵਨ-ਜਾਚ ਲਈ ਆਉਂਦਾ ਸ਼ਬਦ ਹੈ। ਸਰੀਰਕ ਪੱਖ ਤੋਂ ਲਚਕ, ਮਾਨਸਿਕ ਪੱਖ ਤੋਂ ਸੰਤੁਲਨ ਤੇ ਫ਼ੁਰਤੀ, ਭਾਸ਼ਾ ਦੇ ਪੱਖ ਤੋਂ ਸੰਜਮ, ਮਿਠਾਸ, ਨਿਮਰਤਾ ਤੇ ਨਿਰਮਾਣਤਾ ਆਦਿ ਬਹੁਤ ਸਾਰੇ ਨਿੱਕੇ-ਨਿੱਕੇ ਗੁਣ ਸਲੀਕੇ ਦੀ ਸਿਰਜਣਾ ਕਰਦੇ ਹਨ। ਇਸੇ ਕਰਕੇ ਸਲੀਕਾ ਇਕ ਜਾਨਦਾਰ ਮਨੁੱਖੀ ਗੁਣ ਹੈ। ਪਰੰਤੂ ਸਲੀਕਾ ਦੈਵੀ-ਗੁਣ ਨਹੀਂ, ਸਗੋਂ ਇਹ ਇੱਛਾ, ਮਿਹਨਤ ਤੇ ਲਗਨ ਨਾਲ ਪ੍ਰਾਪਤ ਕੀਤਾ ਜਾਣ ਵਾਲਾ ਗੁਣ ਹੈ।

6. ਹੇਠ ਲਿਖੇ ਪੈਰ੍ਹੇ ਦੀ ਸ਼ਬਦ-ਜੋੜਾਂ ਪੱਖੋਂ ਸੁਧਾਈ ਕਰੋ :

ਵਾਹਰ ਵਰਸਾਤ ਹੋ ਰਹੀ ਹੈ। ਅੰਦਰ ਬਿਜਲੀ ਗੁੱਲ ਹੋ ਗਈ ਹੈ। ਅਜਹੇ ਸਮੇ ਪਤਾ ਨਹੀਂ ਲਗਦਾ ਸੀ ਹੁਨ ਕਿ ਕਰਿਏ ? ਉਜ ਦੇਖਿਆ ਜਾਬੇ ਤਾਂ ਉਹ ਗਰੀਵ ਲੋਕ ਕਿ ਕਰਦੇ ਹੋਨਗੇ ਜਿਹੜੇ ਅਕਾਸ ਦੀ ਸ਼ੱਤ ਹੇਠਾ ਹੀ ਸੌਂਦੇ ਹਨ।

## ਸੈਕਸ਼ਨ—ਡੀ

7. ਭਾਵੰਸ਼ ਨੂੰ ਪਰਿਭਾਸ਼ਤ ਕਰਦਿਆਂ, ਵੱਖ-ਵੱਖ ਕਿਸਮਾਂ ਨੂੰ ਉਦਾਹਰਨ ਨਾਲ ਸਪੱਸ਼ਟ ਕਰੋ।

8. ਉਪਵਾਕ ਅਤੇ ਵਾਕ ਦਾ ਅੰਤਰ ਸਪੱਸ਼ਟ ਕਰੋ ਅਤੇ ਵਾਕ ਦੀਆਂ ਵੱਖ-ਵੱਖ ਵੰਨਗੀਆਂ ਦਾ ਉਲੇਖ ਕਰੋ।





Download all NOTES and PAPERS at StudentSuvidha.com